# ਦਫਤਰ ਸਹਾਇਕ ਮੰਡਲ, ਫਾਇਰ ਅਫਸਰ, ਹੁਸ਼ਿਆਰਪੁਰ

ਸੇਵਾ

ਡਿਪਟੀ ਕਮਿਸ਼ਨਰ,
ਹੁਸ਼ਿਆਰਪੁਰ ।

ਨੰ: 30/ADFO ਮਿਤੀ: 23-4-2015

ਵਿਸ਼ਾ: **ਮੈਸ.ਰੋਹਤਾਸ ਜੈਨ ਪਲਾਈਵੁੱਡ ਇੰਡਸਟਰੀਜ ਦੇ ਲਾਇਸੈਂਸ ਵਿੱਚੋਂ ਤਿੰਨ ਵਰਟੀਕਲ ਬੈਂਡ ਸਾਅ ਨੂੰ ਮੈਸ: ਜੈਨ ਬੈਂਬੂ ਐਂਡ ਵੁੱਡ ਵਰਕਸ ਵਿੱਚ ਸਿਫਟ ਕਰਨ ਲਈ ।**

ਹਵਾਲਾ: ਆਪ ਜੀ ਦੇ ਪੱਤਰ ਨੰ: 2652-63 ਐਮ.ਸੀ.1/ਐਮ.ਏ. ਮਿਤੀ 15.04.2015

ਉਪਰੋਕਤ ਵਿਸ਼ੇ ਦੇ ਸਬੰਧ ਸ੍ਰੀ ਰੋਹਤਾਸ ਕੁਮਾਰ ਜੈਨ ਪ੍ਰੋਪਰਾਈਟਰ ਮੈਸ.ਜੈਨ ਬੈਂਬੂ ਐਂਡ ਵੁੱਡ ਵਰਕਸ ਪਿੰਡ ਭੂੰਗਾਂ ਤਹਿਸੀਲ ਵਾਂ ਜ਼ਿਲ੍ਹਾ ਹੁਸ਼ਿਆਰਪੁਰ ਵਲੋਂ ਬੇਨਤੀ ਕੀਤੀ ਗਈ ਹੈ ਕਿ ਸ੍ਰੀ ਗੋਰਵ ਜੈਨ ਦੇ ਯੂਨਿਟ ਮੈਸ.ਰੋਹਤਾਸ ਜੈਨ ਪਲਾਈਵੁੱਡ ਇੰਡਸਟਰੀਜ ਪਿੰਡ ਬਾਗਪੁਰ ਦਸੂਹਾ ਹੁਸ਼ਿਆਰਪੁਰ ਦੇ ਲਾਇਸੈਂਸ ਵਿੱਚੋਂ ਤਿੰਨ ਵਰਟੀਕਲ ਬੈਂਡ ਸਾਅ-42 ਇੰਚ ਦੀ ਮਸ਼ੀਨਰੀ ਨੂੰ ਸ੍ਰੀ ਰੋਹਤਾਸ ਕੁਮਾਰ ਜੈਨ ਦੇ ਯੂਨਿਟ ਮੈਸ:ਜੈਨ ਬੈਂਬੂ ਐਂਡ ਵੁੱਡ ਵਰਕਸ, ਪਿੰਡ ਭੂੰਗਾ ਹੁਸ਼ਿਆਰਪੁਰ ਵਿੱਚ ਸਿਫ਼ਟ ਕਰਕੇ ਲਗਾਉਣ ਦੀ ਪ੍ਰਵਾਨਗੀ ਸਟੇਟ ਲੈਵਲ ਕਮੇਟੀ ਵਲੋਂ ਦੇ ਦਿੱਤੀ ਗਈ ਹੈ। ਇਸ ਲਈ ਇਸ ਜਗ੍ਹਾ (ਪਿੰਡ ਭੂੰਗਾਂ) ਤੇ ਮਸ਼ੀਨਰੀ ਸਿਫ਼ਟ ਕੀਤੀ ਜਾਣੀ 'ਹੈ । ਪਿੰਡ ਭੂੰਗਾਂ ਵਿਖੇ ਸਾਈਟ ਦਾ ਮੌਕਾ ਦੇਖਿਆ ਗਿਆ ਜੋ ਕਿ ਠੀਕ ਹੈ । ਫਾਇਰ ਬ੍ਰਿਗੇਡ ਦੀ ਗੱਡੀ ਅਸਾਨੀ ਨਾਲ ਆ-ਜਾ ਸਕਦੀ ਹੈ । ਇਹ ਯੂਨਿਟ ਭੂੰਗਾਂ ਵਿਖੇ ਸ਼ਿਫਟ ਕਰਨ ਤੇ ਯੂਨਿਟ ਚਾਲੂ ਕਰਨ ਤੋਂ ਪਹਿਲਾਂ ਫਾਇਰ ਸੇਫਟੀ ਦੇ ਪ੍ਰਬੰਧ ਨੈਸ਼ਨਲ ਬਿਲਡਿੰਗ ਕੋਡ ਆਫ ਇੰਡੀਆ ਦੇ ਪਾਰਟ-4 ਅਨੁਸਾਰ ਕਰਨ ਤੋਂ ਬਾਅਦ ਅਤੇ ਫਾਇਰ ਵਿਭਾਗ ਦੀ ਐਨ.ਓ.ਸੀ. ਫਾਇਰ ਸੇਫਟੀ ਲੈਣ ਤੋਂ ਬਾਅਦ ਹੀ ਭੂੰਗਾਂ ਵਿਖੇ ਯੂਨਿਟ ਚਾਲੂ ਕੀਤਾ ਜਾਵੇ ।

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਪਿੰਡ ਬਾਗਪੁਰ ਤੋਂ ਭੂੰਗਾਂ ਵਿਖੇ ਯੂਨਿਟ ਸ਼ਿਫਟ ਕਰਨ ਤੇ ਫਾਇਰ ਵਿਭਾਗ ਨੂੰ ਕੋਈ ਇਤਰਾਜ ਨਹੀਂ ਹੈ ।

23/4/15

ਸਹਾਇਕ ਮੰਡਲ ਫਾਇਰ ਅਫਸਰ,
ਫਾਇਰ ਸਟੇਸ਼ਨ, ਹੁਸ਼ਿਆਰਪੁਰ ।